*ਛੂਤ ਦੇ ਰੋਗ ਦੀ ਤੱਥਸ਼ੀਟ*

# ਹੈਪੇਟਾਈਟਿਸ ਸੀ

***ਹੈਪੇਟਾਈਟਿਸ ਸੀ ਜਿਗਰ ਦੀ ਸੋਜ ਜਾਂ ਜਿਗਰ 'ਚ ਹੋਣ ਵਾਲਾ ਇੱਕ ਵਾਇਰਲ ਛੂਤ ਹੈ। ਇਹ ਵਾਇਰਸ ਦੂਸ਼ਿਤ ਭੋਜਨ ਜਾਂ ਪਾਣੀ ਜਾਂ ਛੂਤ ਤੋਂ ਗ੍ਰਸਤ ਵਿਅਕਤੀ ਨਾਲ ਸਿੱਧੇ ਸੰਪਰਕ ਸਮੇਤ ਮਲ ਮੂਤਰ-ਮੂੰਹ ਦੇ ਸੰਪਰਕ 'ਚ ਆਉਣ ਦੁਆਰਾ ਫੈਲਦਾ ਹੈ। ਟੀਕਾਕਰਣ ਤੇ ਵਧੀਆ ਤਰੀਕੇ ਨਾਲ ਸਾਫ਼-ਸਫ਼ਾਈ ਰੱਖਣ ਦੁਆਰਾ ਇਸ ਤੋਂ ਰੋਕਥਾਮ ਹੋ ਜਾਂਦੀ ਹੈ।***

**ਪਿਛਲੀ ਵਾਰ ਨਵੀਨੀਕਰਨ ਕੀਤਾ ਗਿਆ**: 07 ਦਸੰਬਰ 2007

## ਹੈਪਾਟਾਈਟਿਸ ਸੀ (Hepatitis C) ਕੀ ਹੈ?

- ਹੈਪਾਟਾਈਟਿਸ ਸੀ ਇੱਕ ਛੂਤ ਵਾਲ਼ਾ ਰੋਗ ਹੈ ਜੋ ਹੈਪਾਟਾਈਟਿਸ ਸੀ ਵਾਇਰਸ (HCV) ਨਾਲ਼ ਹੁੰਦਾ ਹੈ। ਹੈਪਾਟਾਈਟਿਸ ਸੀ ਵਾਇਰਸ ਦੇ ਕਈ ਤਰ੍ਹਾਂ ਦੇ ਜੀਨੋਟਾਈਪਸ (genotypes) ਜਾਂ ਵੰਨਗੀਆਂ (ਸਟਰੇਨਜ਼ strains) ਹੁੰਦੀਆਂ ਹਨ
- ਇਸ ਛੂਤ ਨਾਲ ਜਿਗਰ ਦੀ ਸੋਜ ਹੋ ਜਾਂਦੀ ਹੈ (ਜਿਸ ਨੂੰ ''ਹੈਪਾਟਾਈਟਿਸ'' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ)
- ਇਸ ਛੂਤ ਤੋਂ ਗ੍ਰਸਤ ਤਕਰੀਬਨ ਇੱਕ-ਚੌਥਾਈ ਲੋਕ ਕੁੱਝ ਹੀ ਮਹੀਨਿਆਂ ਅੰਦਰ ਇਸ ਵਾਇਰਸ ਤੋਂ ਛੁਟਕਾਰਾ ਪਾ ਲੈਣਗੇ
- ਬਾਕੀ ਦੇ ਤਿੰਨ ਚੌਥਾਈ ਲੋਕਾਂ ਵਿੱਚ ਚੱਲ ਰਹੀ (ਚਿਰਸਥਾਈ ਜਾਂ ਪੁਰਾਣੀ) ਛੂਤ ਵਿਕਸਤ ਹੋ ਜਾਂਦੀ ਹੈ ਅਤੇ ਕਈਆਂ 'ਚ ਇਹ ਵਾਇਰਸ ਸਾਰੀ ਉਮਰ ਹੀ ਬਣਿਆ ਰਹਿੰਦਾ ਹੈ। ਇਨ੍ਹਾਂ 'ਚੋਂ ਕੁੱਝ ਲੋਕਾਂ ਵਿੱਚ ਛੂਤ ਦੇ ਬਹੁਤ ਸਾਲਾਂ ਮਗਰੋਂ ਅੰਤ ਨੂੰ ਜਿਗਰ ਦੀ ਸੋਜ ਜਾਂ ਜਿਗਰ ਦਾ ਕੈਂਸਰ ਵਿਕਸਤ ਹੋ ਜਾਂਦਾ ਹੈ।

## ਇਸ ਦੇ ਲੱਛਣ ਕੀ ਹਨ?

- ਹੈਪਾਟਾਈਟਿਸ ਸੀ ਵਾਇਰਸ ਦੀ ਛੂਤ ਤੋਂ ਗ੍ਰਸਤ ਤਕਰੀਬਨ 10% ਤੋਂ 20% ਲੋਕਾਂ ਵਿੱਚ ਛੂਤ ਲੱਗਣ ਦੇ 2 ਹਫ਼ਤਿਆਂ ਤੋਂ ਲੈ ਕੇ 6 ਮਹੀਨਿਆਂ (ਆਮ ਤੌਰ 'ਤੇ 6 ਤੋਂ 9 ਹਫ਼ਤੇ) ਤੱਕ ਲੱਛਣ ਵਿਕਸਤ ਹੁੰਦੇ ਰਹਿੰਦੇ ਹਨ। ਇਨ੍ਹਾਂ ਲੱਛਣਾਂ ਵਿੱਚ ਥਕਾਵਟ, ਭੁੱਖ ਨਾ ਲੱਗਣੀ, ਢਿੱਡ 'ਚ ਬੇਚੈਨੀ, ਜੀਅ ਮਿਤਲਾਉਣਾ, ਉਲਟੀਆਂ, ਪੀਲੀਆ (ਅੱਖਾਂ ਅਤੇ ਚਮੜੀ ਦਾ ਪੀਲ਼ਾ ਹੋਣਾ) ਅਤੇ ਗੂੜੇ ਰੰਗ ਦਾ ਪਿਸ਼ਾਬ ਸ਼ਾਮਲ ਹਨ।

## ਇਹ ਕਿਵੇਂ ਫੈਲਦਾ ਹੈ?

- ਇੱਕ ਵਿਅਕਤੀ ਹੈਪਾਟਾਈਟਿਸ ਸੀ ਦੀ ਛੂਤ ਤੋਂ ਤਦ ਤੱਕ ਗ੍ਰਸਤ ਰਹਿੰਦਾ ਹੈ ਜਦ ਤੱਕ ਉਹ ਇਸ ਛੂਤ ਤੋਂ ਛੁਟਕਾਰਾ ਨਹੀਂ ਪਾ ਲੈਂਦਾ
- ਹੈਪਾਟਾਈਟਿਸ ਸੀ ਕਿਸੇ ਛੂਤਗ੍ਰਸਤ ਵਿਅਕਤੀ ਦੇ ਖ਼ੂਨ ਦੇ ਸੰਪਰਕ ਵਿੱਚ ਆਉਣ ਰਾਹੀਂ ਹੇਠ ਲਿਖੇ ਤਰੀਕਿਆਂ ਨਾਲ ਫੈਲਦਾ ਹੈ:
    - ਨਸ਼ੇ ਦੇ ਟੀਕੇ ਲਾਉਣ ਸਮੇਂ ਦੂਸ਼ਿਤ ਸੂਈਆਂ ਦੀ ਵਰਤੋਂ ਕਰਨੀ ਜਾਂ ਟੀਕਿਆਂ ਵਾਲੇ ਉਪਕਰਣ ਸਾਂਝੇ ਕਰਨੇ, ਟੈਟੂ ਖੁਣਵਾਉਣੇ ਜਾਂ ਚਮੜੀ ਵਿਚ ਛੇਕ ਕਰਨਾ
    - ਖ਼ੂਨ ਚੜ੍ਹਾਉਣਾ (ਆਸਟਰੇਲੀਆ 'ਚ ਇਹ 1990 ਤੋਂ ਪਹਿਲਾਂ ਵਾਪਰ ਸਕਦਾ ਸੀ)

- ਸੂਈਆਂ ਨਾਲ਼ ਹੋਣ ਵਾਲੇ ਜ਼ਖ਼ਮ
    - ਦੂਸ਼ਿਤ ਉਪਕਰਣਾਂ ਵਾਲੀਆਂ ਮੈਡੀਕਲ ਕਾਰਜ-ਵਿਧੀਆਂ
    - ਇਹੋ ਜਿਹੀਆਂ ਨਿਜੀ ਵਸਤਾਂ ਸਾਂਝੀਆਂ ਕਰਨੀਆਂ ਜਿਨ੍ਹਾਂ ਉਤੇ ਖ਼ੂਨ ਲੱਗਿਆ ਰਹਿ ਸਕਦਾ ਹੈ (ਮਿਸਾਲ ਦੇ ਤੌਰ 'ਤੇ ਰੇਜ਼ਰ ਬਲੇਡ, ਦੰਦ ਸਾਫ਼ ਕਰਨ ਵਾਲੇ ਬੁਰਸ਼, ਨਹੁੰ ਕੱਟਣ ਵਾਲਾ ਕਟਰ ਜਾਂ ਕੈਂਚੀ
- ਹੈਪਾਟਾਈਟਿਸ ਸੀ ਸੰਭੋਗ ਦੁਆਰਾ ਬਹੁਤ ਘੱਟ ਫੈਲਦਾ ਹੈ, ਪਰ ਖ਼ੂਨ ਨਾਲ ਸੰਪਰਕ ਹੋ ਜਾਣ ਨਾਲ ਇਸ ਦੇ ਫੈਲਣ ਦੀ ਸੰਭਾਵਨਾ ਵੱਧ ਹੋ ਜਾਂਦੀ ਹੈ
- ਹੈਪਾਟਾਈਟਿਸ ਸੀ ਇੱਕ ਮਾਂ ਤੋਂ ਬੱਚੇ ਤੱਕ ਵੀ ਫੈਲ ਸਕਦਾ ਹੈ ਜੇ ਗਰਭਕਾਲ ਦੌਰਾਨ ਜਾਂ ਬੱਚੇ ਦੇ ਜਨਮ ਵੇਲੇ ਉਹ ਮਾਂ ਹੈਪਾਟਾਈਟਿਸ ਸੀ ਤੋਂ ਪੀੜਤ ਹੋਵੇ। ਉਸ ਹਾਲਤ ਵਿੱਚ ਜੋਖਮ ਬਹੁਤ ਜ਼ਿਆਦਾ ਹੁੰਦਾ ਹੈ ਜੇ ਮਾਂ ਪਿੱਛੇ ਜਿਹੇ ਛੂਤ ਤੋਂ ਗ੍ਰਸਤ ਹੋਈ ਹੈ, ਜਾਂ ਐਚ ਆਈ ਵੀ ਛੂਤ ਤੋਂ ਪੀੜਤ ਹੈ
- ਹੈਪੇਟਾਈਟਿਸ ਸੀ ਆਮ ਅਚਨਚੇਤ ਸੰਪਰਕ ਜਿਵੇਂ ਕਿ ਜੱਫੀ ਪਾਉਣ, ਭੋਜਨ ਜਾਂ ਛੁਰੀ-ਕਾਂਟੇ ਸਾਂਝੇ ਕਰਨ, ਜਾਂ ਪਖਾਨੇ ਵਰਤਣ ਰਾਹੀਂ ਨਹੀਂ ਫੈਲਦਾ। ਇਸ ਦੀ ਛੂਤ ਛਾਤੀ ਦੇ ਦੁੱਧ ਰਾਹੀਂ ਵੀ ਉਦੋਂ ਤੱਕ ਨਹੀਂ ਲਗਦੀ, ਜਦ ਤੱਕ ਕਿ ਉਹ ਦੁੱਧ ਖ਼ੂਨ ਨਾਲ ਦੂਸ਼ਿਤ ਨਾ ਹੋਵੇ
- ਵਿਭਿੰਨ genotypes ਨਾਲ ਮੁੜ ਛੂਤ ਵੀ ਲਗ ਸਕਦੀ ਹੈ

## ਖ਼ਤਰੇ 'ਚ ਕੌਣ ਹੈ?

- ਨਸ਼ਿਆਂ ਦੇ ਟੀਕੇ ਲਾਉਣ ਵਾਲੇ
- ਹੈਪਾਟਾਈਟਿਸ ਸੀ ਤੋਂ ਪੀੜਤ ਔਰਤਾਂ ਦੇ ਪੈਦਾ ਹੋਣ ਵਾਲੇ ਬੱਚੇ
- ਹੈਮੋਡਾਇਲਾਇਸਿਸ (haemodialysis) ਦੇ ਮਰੀਜ਼
- ਸਿਹਤ ਸੰਭਾਲ ਕਾਮੇ
- ਹੈਪੇਟਾਈਟਿਸ ਸੀ ਦੀ ਛੂਤ ਦੇ ਰੋਗ ਦੀ ਵਧੇਰੇ ਦਰ ਵਾਲੇ ਦੇਸ਼ਾਂ 'ਚ ਪੈਦਾ ਹੋਣ ਵਾਲੇ ਲੋਕ (ਜਿਵੇਂ ਕਿ ਅਫ਼ਰੀਕਾ ਅਤੇ ਮਿਸਰ ਦੇ ਹਿੱਸਿਆਂ ਵਿੱਚ)
- ਉਹ ਲੋਕ ਜੋ ਘਰੇ ਟੈਟੂ ਜਾਂ ਮੋਰਨੀਆਂ ਖੁਣਵਾਉਂਦੇ ਹਨ ਜਾਂ ਬਿਨਾਂ ਰੋਗਾਣੂ-ਮੁਕਤ ਕੀਤੇ ਉਪਕਰਣ ਨਾਲ ਆਪਣੇ ਸਰੀਰ ਵਿੱਚ ਛੇਕ ਕਰਵਾਉਂਦੇ ਹਨ
- ਜੇਲ ਦੇ ਕੈਦੀ।

## ਇਸ ਦੀ ਰੋਕਥਾਮ ਕਿਵੇਂ ਕੀਤੀ ਜਾਂਦੀ ਹੈ?

ਛੂਤ ਤੋਂ ਬਚਣ ਲਈ:

- ਇੰਜੈਕਸ਼ਨ ਲਾਉਣ ਵਾਲੇ ਉਪਕਰਣ ਸਾਂਝੇ ਨਾ ਕਰੋ
- ਅਜਿਹੀਆਂ ਨਿਜੀ ਵਸਤਾਂ ਕਦੇ ਸਾਂਝੀਆਂ ਨਾ ਕਰੋ ਜਿਨ੍ਹਾਂ ਉਤੇ ਖ਼ੂਨ ਲੱਗਿਆ ਰਹਿ ਸਕਦਾ ਹੋਵੇ
- ਆਪਣੇ ਸਰੀਰ ਉਤੇ ਟੈਟੂ ਜਾਂ ਮੋਰਨੀ ਹੋਵੇ ਜਾਂ ਸਰੀਰ 'ਚ ਸੂਈਆਂ ਚੁਭਣ ਜਾ ਰਹੀਆਂ ਹੋਣ, ਤਾਂ ਇਹ ਯਕੀਨੀ ਬਣਾਓ ਕਿ ਰੋਗਾਣੂ-ਮੁਕਤ ਉਪਕਰਣਾਂ ਦੀ ਵਰਤੋਂ ਕੀਤੀ ਜਾ ਰਹੀ ਹੈ
- ਸੁਰੱਖਿਅਤ ਸੰਭੋਗ ਅਮਲ ਵਿਚ ਲਿਆਓ

HCV ਛੂਤ ਦੇ ਬਚਾਵ ਲਈ ਅਜੇ ਤੱਕ ਕੋਈ ਵੈਕਸੀਨ ਨਹੀਂ ਹੈ। immunoglobulin ਇਸ ਤੋਂ ਬਚਾਅ ਨਹੀਂ ਕਰ ਸਕਦੀ। 1990 ਤੋਂ ਅਸਟਰੇਲੀਅਨ ਖ਼ੂਨ ਬੈਂਕਾਂ ਨੇ ਦਾਨ ਕੀਤੇ ਗਏ ਖ਼ੂਨ ਨੂੰ ਹੈਪੇਟਾਈਟਿਸ C ਰੋਗ ਤੋਂ ਸਕਰੀਨ ਕਰਨਾ ਸ਼ੁਰੂ ਕੀਤਾ ਹੋਇਆ ਹੈ।

## ਜੇ ਤੁਹਾਨੂੰ ਹੈਪਾਟਾਈਟਿਸ ਸੀ ਹੈ:

- ਖ਼ੂਨ ਦਾਨ ਨਾ ਕਰੋ। (ਹੈਪੇਟਾਈਟਿਸ ਸੀ ਦੀ ਛੂਤ ਤੋਂ ਪੀੜਤ ਵਿਅਕਤੀ ਦੇ ਅੰਗ ਕੁੱਝ ਵਾਰ ਕਿਸੇ ਅਜਿਹੇ ਵਿਅਕਤੀ ਨੂੰ ਦਾਨ ਕੀਤੇ ਜਾ ਸਕਦੇ ਹਨ, ਜਿਸ ਨੂੰ ਪਹਿਲਾਂ ਹੀ ਹੈਪਾਟਾਈਟਿਸ ਸੀ ਦੀ ਛੂਤ ਲੱਗੀ ਹੋਵੇ)
- ਹੋਰਨਾਂ ਨਾਲ ਟੀਕੇ ਲਾਉਣ ਵਾਲੇ ਉਪਕਰਣ ਸਾਂਝੇ ਨਾ ਕਰੋ
- ਇਹ ਯਕੀਨੀ ਬਣਾਉਣ ਲਈ ਧਿਆਨ ਰੱਖੋ ਕਿ ਦੂਜੇ ਵਿਅਕਤੀਆਂ ਤੱਕ ਤੁਹਾਡਾ ਖ਼ੂਨ ਨਾ ਪਹੁੰਚੇ

- ਜੇ ਕਿਤੇ ਖ਼ੂਨ ਦੇ ਛਿੱਟੇ ਪੈ ਵੀ ਜਾਣ ਤਾਂ ਉਨ੍ਹਾਂ ਨੂੰ ਕਾਗਜ਼ ਦੇ ਤੌਲੀਏ ਨਾਲ ਸਾਫ਼ ਕਰ ਦਿਓ ਅਤੇ ਸਾਬਣ ਜਾਂ ਡਿਟਰਜੈਂਟ ਤੇ ਪਾਣੀ ਨਾਲ ਉਸ ਨੂੰ ਉਦੋਂ ਤੱਕ ਸਾਫ਼ ਕਰੋ ਜਦੋਂ ਤੱਕ ਕਿ ਖ਼ੂਨ ਦੇ ਧੱਬੇ ਚਲੇ ਨਾ ਜਾਣ। ਗਲੀਚੇ ਉਤੇ ਲੱਗੇ ਹੋਏ ਖ਼ੂਨ ਦੇ ਵੱਡੇ ਦਾਗਾਂ ਨੂੰ ਸ਼ੈਂਪੂ ਜਾਂ ਭਾਫ਼ ਨਾਲ ਸਾਫ਼ ਕੀਤੇ ਜਾਣ ਦੀ ਜ਼ਰੂਰਤ ਪੈ ਸਕਦੀ ਹੈ
- ਹਰੇਕ ਤਰ੍ਹਾਂ ਦੇ ਜ਼ਖ਼ਮ ਨੂੰ ਪਾਣੀ ਤੋਂ ਬਚਾਅ ਵਾਲੀ (ਵਾਟਰਪਰੂਫ਼) ਪੱਟੀ ਨਾਲ ਢੱਕ ਕੇ ਰੱਖੋ
- ਜੇ ਸੰਭੋਗ ਦੌਰਾਨ ਖ਼ੂਨ ਦੇ ਸੰਪਰਕ 'ਚ ਆ ਜਾਣ ਦਾ ਖ਼ਤਰਾ ਹੋਵੇ ਤਾਂ ਨਿਰੋਧ ਦੀ ਵਰਤੋਂ ਕਰੋ

## ਇਸ ਦਾ ਪਤਾ ਕਿਵੇਂ ਲਾਇਆ ਜਾਂਦਾ ਹੈ?

### ਖ਼ੂਨ ਦੇ ਟੈਸਟਾਂ ਵਿੱਚ ਇਹ ਸ਼ਾਮਲ ਹੁੰਦੇ ਹਨ:

- ਹੈਪਾਟਾਈਟਿਸ ਸੀ ਵਾਇਰਸ ਲਈ ਐਂਟੀਬਾਡੀਜ਼ (ਇਹ ਦਰਸਾਉਂਦਾ ਹੈ ਕਿ ਵਿਅਕਤੀ ਕਿਸੇ ਸਮੇਂ ਵਾਇਰਸ ਦੇ ਗੇੜ 'ਚ ਆ ਗਿਆ ਹੈ, ਪਰ ਇਸ ਤੋਂ ਇਹ ਪਤਾ ਨਹੀਂ ਲਗਦਾ ਕਿ ਇਹ ਵਾਇਰਸ ਹਾਲੇ ਵੀ ਖ਼ੂਨ 'ਚ ਹੈ-ਹੈਪੇਟਾਈਟਿਸ ਸੀ ਤੋਂ ਪੀੜਤ ਮਹਿਲਾਵਾਂ ਦੇ ਪੈਦਾ ਹੋਣ ਵਾਲੇ ਬੱਚੇ ਵੀ ਪਹਿਲੇ ਸਾਲ ਲਈ ਜਾਂ ਸਾਰੀ ਉਮਰ ਆਪਣੀ ਮਾਂ ਦੀਆਂ ਐਂਟੀਬਾਡੀਜ਼ ਲੈ ਸਕਦੇ ਹਨ, ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਬੱਚਾ ਛੂਤ ਤੋਂ ਗ੍ਰਸਤ ਹੈ)।
- ਇੱਕ ਨਿਊਕਲੀਅਕ ਐਸਿਡ ਟੈਸਟ, ਜਿਵੇਂ ਕਿ ਪੀ ਸੀ ਆਰ (ਇਹ ਦਰਸਾਉਂਦਾ ਹੈ ਕਿ ਖ਼ੂਨ ਵਿੱਚ ਵਾਇਰਸ ਹੈ)
- ਇੱਕ ਵਾਇਰਲ ਲੋਡ ਟੈਸਟ (ਇਹ ਦਰਸਾਉਂਦਾ ਹੈ ਕਿ ਕਿ ਖ਼ੂਨ ਵਿੱਚ ਕਿੰਨਾ ਵਾਇਰਸ ਹੈ)
- ਇੱਕ ਜੀਨੋਟਾਈਪ ਟੈਸਟ (ਇਹ ਦਰਸਾਉਂਦਾ ਹੈ ਕਿ ਖ਼ੂਨ ਵਿੱਚ ਕਿਸ ਕਿਸਮ ਦਾ ਵਾਇਰਸ ਹੈ - ਜੋ ਕਿ ਇਲਾਜ ਦੀ ਯੋਜਨਾਬੰਦੀ ਵਿੱਚ ਮਦਦ ਕਰ ਸਕਦਾ ਹੈ)
- ਜਿਗਰ ਕਾਰਜ ਟੈਸਟ, ਜੋ ਇਹ ਦਰਸਾ ਸਕਦੇ ਹਨ ਕਿ ਕਿ ਇਸ ਵੇਲੇ ਜਿਗਰ ਦਾ ਕਿੰਨਾ ਕੁ ਨੁਕਸਾਨ ਹੋਇਆ ਹੈ

ਇੱਕ ਜਿਗਰ ਬਾਇਓਪਸੀ (biopsy) (ਜਿੱਥੇ ਜਿਗਰ ਦਾ ਇੱਕ ਛੋਟਾ ਜਿਹਾ ਟੁਕੜਾ ਲਿਆ ਜਾਂਦਾ ਹੈ ਅਤੇ ਉਸਦਾ ਮਾਈਕ੍ਰੋਸਕੋਪ ਰਾਹੀਂ ਨਿਰੀਖਣ ਕੀਤਾ ਜਾਂਦਾ ਹੈ) ਦਰਸਾਉਂਦਾ ਹੈ ਕਿ ਜਿਗਰ ਨੂੰ ਕਿਸ ਕਿਸਮ ਦਾ ਕਿੰਨੀ ਮਾਤਰਾ 'ਚ ਨੁਕਸਾਨ ਪੁੱਜਾ ਹੈ ਅਤੇ ਇਸ ਨਾਲ ਇਲਾਜ ਦੀ ਯੋਜਨਾਬੰਦੀ ਵਿੱਚ ਮਦਦ ਮਿਲ਼ ਸਕਦੀ ਹੈ।

## ਇਸ ਦਾ ਇਲਾਜ ਕਿਵੇਂ ਹੁੰਦਾ ਹੈ?

- ਪਿਛਲੇ ਕੁੱਝ ਸਾਲਾਂ 'ਚ ਹੈਪਾਟਾਈਟਿਸ ਸੀ ਦੇ ਇਲਾਜ ਵਿੱਚ ਮਹੱਤਵਪੂਰਣ ਸੁਧਾਰ ਹੋਇਆ ਹੈ
- ਦਵਾਈਆਂ Interferon ਅਤੇ Ribavirin ਕੁੱਝ ਲੋਕਾਂ ਨੂੰ ਸਫ਼ਲਤਾਪੂਰਬਕ ਠੀਕ ਕਰ ਸਕਦੀਆਂ ਹਨ
- ਇਲਾਜ ਦੀ ਸਫ਼ਲਤਾ ਖ਼ੂਨ ਵਿੱਚ ਵਾਇਰਸ ਦੀ ਮਾਤਰਾ ਅਤੇ ਜੀਨੋਟਾਈਪ ਉਤੇ ਨਿਰਭਰ ਹੈ
- ਇਲਾਜ ਨਾਲ ਜੀਨੋਟਾਈਪਸ 2 ਅਤੇ 3 ਵਾਲ਼ੇ ਵਿਅਕਤੀਆਂ 'ਚ ਇਹ ਵਾਇਰਸ 80% ਅਤੇ ਜੀਨੋਟਾਈਪ 1 ਵਿੱਚ ਇਹ 50% ਸਾਫ਼ ਹੋ ਸਕਦਾ ਹੈ
- ਇਹ ਦਵਾਈਆਂ ਆਮ ਤੌਰ 'ਤੇ 6 ਤੋਂ 12 ਮਹੀਨਿਆਂ ਤੱਕ ਲੈਣੀਆਂ ਹੁੰਦੀਆਂ ਹਨ ਅਤੇ ਕੁੱਝ ਵਾਰ ਇਨ੍ਹਾਂ ਦੇ ਗੰਭੀਰ ਮਾੜੇ ਪ੍ਰਭਾਵ ਹੋ ਸਕਦੇ ਹਨ

### ਜਿਗਰ ਦੇ ਹੋਰ ਨੁਕਸਾਨ ਦਾ ਜੋਖਮ ਘਟਾਉਣ ਲਈ, ਹੈਪਾਟਾਈਟਿਸ ਸੀ ਤੋਂ ਪ੍ਰਭਾਵਿਤ ਲੋਕਾਂ ਨੂੰ ਚਾਹੀਦਾ ਹੈ ਕਿ:

- ਹੈਪਾਟਾਈਟਿਸ ਏ ਅਤੇ ਹੈਪੇਟਾਈਟਿਸ ਬੀ ਟੀਕਾਕਰਣ ਕਰਵਾਉਣਾ
- ਸ਼ਰਾਬ ਪੀਣ ਦੀ ਆਦਤ ਘਟਾਉਣੀ
- ਡਾਕਟਰੀ ਨੁਸਖੇ ਜਾਂ ਕਾਊਂਟਰ 'ਤੇ ਦਵਾਈਆਂ ਲੈਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਲੈਣੀ

## ਜਨ ਸਿਹਤ ਹੁੰਗਾਰਾ ਕੀ ਹੈ?

ਹੈਪਾਟਾਈਟਿਸ ਸੀ ਡਾਕਟਰਾਂ ਅਤੇ ਲੈਬਾਰਟਰੀਜ਼ ਵੱਲੋਂ ਅਧਿਸੂਚਿਤਯੋਗ (ਦੱਸੇ ਜਾਣਯੋਗ) ਹੈ। ਜਨ ਸਿਹਤ ਇਕਾਈ ਦਾ ਸਟਾਫ਼ ਜੋਖਮ ਤੱਤਾਂ ਦੀ ਸ਼ਨਾਖ਼ਤ ਕਰਨ ਲਈ ਨਵੀਆਂ ਪ੍ਰਾਪਤ ਕੀਤੀਆਂ ਛੂਤਾਂ ਦੇ ਮਾਮਲਿਆਂ ਦੀ ਜਾਂਚ ਕਰਦਾ ਹੈ। ਜੋਖਮ ਤੱਤਾਂ ਦੀ ਨਿਗਰਾਨੀ ਨਾਲ ਰੋਕਥਾਮ ਵਾਲੇ ਸਬੰਧਤ ਪ੍ਰੋਗਰਾਮਾਂ ਵਿੱਚ ਸੁਧਾਰ ਕਰਨ ਵਿੱਚ ਮਦਦ ਮਿਲਦੀ ਹੈ।

## ਹੈਪਾਟਾਈਟਿਸ C ਬਾਰੇ ਵਧੇਰੇ ਜਾਣਕਾਰੀ ਲਈ

- **NSW ਹੈਪ C ਹੈਲਪਲਾਈਨ ਤੇ 9332 1599 ਜਾ 1800 803 990**
- **ADIS (ਨਸ਼ੇ ਤੇ ਨਸ਼ੀਲੀਆਂ ਵਸਤਾਂ ਬਾਰੇ ਜਾਣਕਾਰੀ ) 9361 2111 ਜਾ 1800 422 599**
- **NUAA (NSW ਯੂਸਰਜ਼ ਐਂਡ ਏਡਜ਼ ਐਸੋਸੀਏਸ਼ਨ) 9369 3455 ਜਾ 1800 644 413**

## ਹੋਰ ਜਾਣਕਾਰੀ – NSW ਵਿੱਚ ਜਨ ਸਿਹਤ ਇਕਾਈਆਂ

ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਆਪਣੇ ਡਾਕਟਰ, ਸਥਾਨਕ ਜਨ ਸਿਹਤ ਇਕਾਈ ਜਾਂ ਭਾਈਚਾਰਕ ਸਿਹਤ ਕੇਂਦਰ ਨਾਲ ਸੰਪਰਕ ਕਰੋ – ਵਾਈਟ ਪੇਜਸ ਦੇ ਮੁੱਖ ਪੰਨੇ ਉਤੇ *NSW ਸਰਕਾਰ* ਦੇ ਸਿਰਲੇਖ ਹੇਠਾਂ ਵੇਖੋ।

| Metropolitan Areas | Location | Number | Rural Areas | Location | Number |
|---|---|---|---|---|---|
| **Northern Sydney/Central Coast** | Hornsby | 02 9477 9400 | **Greater Southern** | Goulburn | 02 4824 1837 |
| | Gosford | 02 4349 4845 | | Albury | 02 6080 8900 |
| **South Eastern Sydney/Illawarra** | Randwick | 02 9382 8333 | **Greater Western** | Broken Hill | 08 8080 1499 |
| | Wollongong | 02 4221 6700 | | Dubbo | 02 6841 5569 |
| **Sydney South West** | Camperdown | 02 9515 9420 | | Bathurst | 02 6339 5601 |
| **Sydney West** | Penrith | 02 4734 2022 | **Hunter/New England** | Newcastle | 02 4924 6477 |
| | Parramatta | 02 9840 3603 | | Tamworth | 02 6767 8630 |
| **Justice Health Service** | Matraville | 02 9311 2707 | **North Coast** | Port Macquarie | 02 6588 2750 |
| **NSW Department of Health** | Nth Sydney | 02 9391 9000 | | Lismore | 02 6620 7500 |
| **NSW Health: www.health.nsw.gov.au** | | | | | |